## ਅਭਿਆਸੀ ਪ੍ਰਸ਼ਨ ਪੱਤਰ (੨੦੦੮-੦੯)

**ਵਿਸ਼ਾ : ਪੰਜਾਬੀ ਜਮਾਤ : ਨੌਵੀ ਕੁੱਲ ਸਮਾਂ : ਤਿੰਨ ਘੰਟੇ ਕੁੱਲ ਅੰਕ : ੧੦੦**

**ਭਾਗ (ੳ)**

ਪ੍ਰਸ਼ਨ ੧ ਹੇਠ ਲਿਖੇ ਪ੍ਰਸ਼ਨਾਂ ਦੇ ਉਤੱਰ ਇੱਕ ਸਤਰ ਦਿਉ :-

(ੳ) ਹੀਰ ਕਿਸ ਤਰਾਂ ਚੱਲ ਰਹੀ ਸੀ ?

(ਅ) ਕਿਸ ਚੀਜ਼ ਦੀ ਕਹਾਣੀ ਚਾਰੇ ਜੁਗ ਚਲਦੀ ਰਹੇਗੀ ?

(ੲ) ਰਾਝਾਂ ਕਿਥੋਂ ਦਾ ਰਹਿਣ ਵਾਲਾ ਸੀ ?

(ਸ) ਸ਼ਾਹ ਮੁਹੰਮਦ ਦਾ 'ਤੀਸਰੀ ਜਾਤ' ਤੋਂ ਕੀ ਭਾਵ ਹੈ ?

(ਹ) ਭਾਈ ਵੀਰ ਸਿੰਘ ਦੀ ਕਿਹੜੀ ਰਚਨਾ ਤੁਹਾਡੀ ਪਾਠ ਪੁਸਤਕ ਵਿੱਚ ਦਰਜ ਹੈ ?

(ਕ) ਮਨਸੁਖ ਸ਼ਾਹ ਜਹਾਜ਼ ਵਿੱਚ ਬੈਠ ਕੇ ਕਿਥੇ ਗਿਆ ?

(ਖ) ਲਾਲੇ ਦੀ ਉਮਰ ਕਿੰਨੀ ਸੀ ?

(ਗ) ਡੇਰੇ ਵਿੱਚ ਸਾਧ ਨੂੰ ਮਿਲਣ ਕੌਣ ਆਇਆ ਸੀ ?

(ਘ) ਪੰਜ ਫੁੱਟ ਪੰਜ ਇੰਚ ਕੱਦ ਵਾਲੇ ਆਦਮੀ ਦਾ ਭਾਰ ਕਿੰਨਾ ਹੋਣਾ ਚਾਹੀਦਾ ਹੈ ? ਸਡੌਲ ਸਰੀਰ ਪਾਠ ਦੇ ਆਧਾਰ 'ਤੇ ਦੱਸੋ

(ਙ) ਹਾਰ ਨੂੰ ਜਿੱਤ ਵਿਚ ਕਿਵੇਂ ਬਦਲਿਆ ਜਾ ਸਕਦਾ ਹੈ ?

(ਚ) ਸੁਜਾਨ ਸਿੰਘ ਦੀ ਕਿਹੜੀ ਕਹਾਣੀ ਤੁਹਾਡੀ ਪਾਠ ਪੁਸਤਕ ਵਿੱਚ ਦਰਜ ਹੈ ?

(ਛ) ਕਿਸ਼ਨੇ ਦੇ ਮੱਥੇ 'ਤੇ ਚੰਨ ਵਰਗਾ ਤਿੱਖਾ ਨਿਸ਼ਾਨ ਕਿਸ ਨੇ ਪਾਇਆ ਸੀ ?

(ਝ) ਹਰੀ ਸਿੰਘ ਨਲਵਾ ਦਾ ਜਨਮ ਕਦੋਂ ਅਤੇ ਕਿਥੇ ਹੋਇਆ ?

(ਞ) ਰਾਣੀ ਲਕਸ਼ਮੀ ਬਾਈ ਦਾ ਬਚਪਨ ਦਾ ਕੀ ਨਾਂ ਸੀ ?

(ਟ) ਟੈਗੋਰ ਦੀ ਅਮਰ ਰਚਨਾ ਕਿਹੜੀ ਹੈ ? ੧*੧੫=੧੫

**ਪ੍ਰਸ਼ਨ ੨ ਹੇਠ ਲਿਖੇ ਪ੍ਰਸ਼ਨਾਂ ਦੇ ਉਤੱਰ ੪੦-੫੦ ਸ਼ਬਦਾਂ ਵਿੱਚ ਦਿਉ :-** (੧੦*੩=੩੦

(ੳ) ਡੁੱਬ ਰਹੀ ਸੋਹਣੀ ਦੇ ਮਨ ਵਿੱਚ ਕੀ ਵਿਚਾਰ ਆਉਂਦੇ ਹਨ ?

(ਅ) ਧਨੀ ਰਾਮ ਚਾਤ੍ਰਿਕ ਨੇ 'ਤ੍ਰੈ ਮਾਂਵਾਂ' ਕਵਿਤਾ ਵਿੱਚ ਕਿਹੜੀਆਂ ਤਿੰਨ ਮਾਵਾਂ ਦੀ ਗੱਲ ਕੀਤੀ ਹੈ ?

(ੲ) ਸਰਘੀ ਵੇਲੇ ਸਿਖਰ ਦੁਪਹਿਰਾ ਕਿਉਂ ਜਾਪਦਾ ਹੈ ?

(ਸ) ਸਪੇਨ ਦਾ ਬਾਦਸ਼ਾਹ ਇੰਗਲੈਂਡ ਨੂੰ ਕਿਉਂ ਨਹੀ ਜਿੱਤ ਸਕਿਆ ?

(ਹ) ਕਵਿਤਾ ਜਾਂ ਕਹਾਣੀ ਲਿਖਣ ਦੇ ਰੋਗੀਆਂ ਦੇ ਕੀ ਲੱਛਣ ਹੁੰਦੇ ਹਨ ?

(ਕ) ਨਿਊਯਾਰਕ ਦੀ ਔਰਤ ਨਾਲੋ ਪਿੰਡਾਂ ਦੀ ਸੁਆਣੀ ਕਿਵੇਂ ਵੱਧ ਸਿਆਣੀ ਹੈ ?

(ਖ) ਕੀ ਭੂਆ ਵੀਰਾਂਵਲੀ ਲਾਜ ਨੂੰ ਚਾਹੁੰਦੀ ਸੀ, ਫਿਰ ਉਹ ਲਾਜ ਨੂੰ ਛੱਡ ਕੇ ਕਿਉਂ ਚਲੀ ਗਈ ਸੀ ?

(ਗ) ਗੁਲਬਾਨੋ ਚੰਨਣ ਨੂੰ ਦੇਖਣ ਲਈ ਕਿਉਂ ਪ੍ਰੇਰਤ ਹੋਈ ਅਤੇ ਚੰਨਣ ਨੂੰ ਦੇਖਣ ਪਿੱਛੋਂ ਉਸ ਨੂੰ ਕੀ ਮਹਿਸੂਸ ਹੋਇਆ ?

(ਘ) ਆਪਣੇ ਸਾਢੇ ਬਾਰਾਂ ਸਾਲਾਂ ਦੀ ਘੋਰ ਤਪੱਸਿਆ ਦੇ ਸਮੇਂ ਵਰਧਮਾਨ ਮਹਾਂਵੀਰ ਨੂੰ ਕੀ-ਕੀ ਕਸ਼ਟ ਸਹਿਣੇ ਪਏ ?

(ਙ) "ਮੁਰਦੇ ਦਾ ਧਨ ਨਹੀਂ ਲੁਟੀਂਦਾ" ਦਿਓਕੀ ਦੇ ਇਸ ਕਥਨ ਦੀ ਤੁਲਨਾ ਉਸ ਦੀ ਕਰਨੀ ਨਾਲ ਕਰੋ ।

**ਪ੍ਰਸ਼ਨ ੩ ਹੇਠ ਲਿਖੀਆਂ ਤੁਕਾਂ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਉ :-**

**ਪੈਰਾਂ ਵਿੱਚ ਪਹਾੜ ਦੇ ਚਾਰੇ ਸਨ ਡੇਰੇ ਹੀ ਪਾਸੇ, ਹਰੀ ਸਿੰਘ ਸਰਦਾਰ ਨੇ ਡੇਰੇ ਲਾਏ ।**
**ਘੇਰਾ ਚਿੱਟੇ ਤੰਬੂਆਂ ਦਾ ਏਦਾਂ ਭਾਸੇ, ਜਿਉਂ ਜੱਟੀ ਦੇ ਪੈਰਾਂ ਵਿੱਚ ਪੰਜੇਬ ਸੁਹਾਏ ।**

(ੳ) ਕਵਿਤਾ ਅਤੇ ਕਵੀ ਦਾ ਨਾਂ ਦੱਸੋ । ੧

(ਅ) ਪਹਾੜ ਦੇ ਪੈਰਾਂ ਵਿੱਚ ਕਿਸ ਨੇ ਡੇਰੇ ਲਾਏ ਸਨ ? ੧

(ੲ) ਚਿੱਟੇ ਤੰਬੂਆਂ ਦਾ ਘੇਰਾ ਕਿਵੇਂ ਲੱਗ ਰਿਹਾ ਸੀ ? ੧

**ਪ੍ਰਸਨ ੪ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ ।** ੨

ਓੜਕ ਵਕਤ ਜਾਂ ਲੋਰੀ ।

pdfMachine - is a pdf writer that produces quality PDF files with ease!
Get yours now!
"Thank you very much! I can use Acrobat Distiller or the Acrobat PDFWriter but I consider your product a lot easier to use and much preferable to Adobe's" A.Sarras - USA

**ਭਾਗ (ਅ)**

**ਪ੍ਰਸ਼ਨ ੫ ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲੇਖ ਲਿਖੋ :-**
ਨਾਨਕ ਦੁਖੀਆ ਸਭ ਸੰਸਾਰ, ਬੇਰੁਜ਼ਗਾਰੀ ਦੀ ਸਮੱਸਿਆ, ਅਖਬਾਰਾਂ ਦੇ ਲਾਭ ਹਾਨੀਆਂ, ਵਿਦਿਆਰਥੀ ਤੇ ਅਨੁਸ਼ਾਸਨਹੀਣਤਾ ।
੧੨

**ਪ੍ਰਸ਼ਨ ੬:** (ੳ) ਤੁਹਾਡਾ ਛੋਟਾ ਭਰਾ ਬੁਰੀ ਸੰਗਤ ਵਿੱਚ ਪੈ ਗਿਆ ਹੈ, ਇੱਕ ਪੱਤਰ ਰਾਂਹੀ ਆਪਣੇ ਭਰਾ ਨੂੰ ਪੜ੍ਹਨ ਦੀ ਪ੍ਰੇਰਨਾ ਦਿਉ ।

**ਜਾਂ**

**(ਅ)** ਤੁਹਾਡੀ ਕਾਰ ਚੋਰੀ ਹੋ ਗਈ ਹੈ, ਉਸ ਦੀ ਰਿਪੋਰਟ ਆਪਣੇ ਇਲਾਕੇ ਦੇ ਥਾਣੇ ਵਿੱਚ ਪੱਤਰ ਰਾਂਹੀ ਕਰਵਾਉ ।
੧੦

**ਪ੍ਰਸ਼ਨ ੮ (ੳ) ਮੁਹਵਰਿਆਂ ਨੂੰ ਵਾਕਾਂ ਵਿੱਚ ਵਰਤੋ :** ਹੜੱਪ ਕਰ ਲੈਣਾ,ਬਿਪਤਾ ਦਾ ਪਹਾੜ ਟੁੱਟ ਪੈਣਾ, ਕੂਚ ਕਰਨਾ, ਹੱਥ ਨਾ ਆਉਣਾ, ਸਫ਼ਾਇਆ ਕਰਨਾ । ੫

**(ਅ) ਇਹ ਅਖਾਣਾਂ ਕਿਸ ਮੌਕੇ ਵਰਤੀਆਂ ਜਾਂਦੀਆਂ ਹਨ**
(੧) ਰੱਬ ਨੇ ਦਿੱਤੀਆਂ ਗਾਜਰਾਂ ਵਿੱਚ ਰੰਬਾ ਰੱਖ ।
**(੨) ਇੱਕ ਅਨਾਰ ਸੌ ਬਿਮਾਰ ।** **੨**

**(ੲ)** ਕਰਮ ਸਿੰਘ ਨੇ ਕਿਹਾ ਤੁਸੀ ਠੀਕ ਕਹਿੰਦੇ ਹੋ ਪਰ ਕੁੜੀ ਦੀ ਇਸ ਨਾਲ ਬੜੀ ਮਹੱਬਤ ਏ, ਇਹ ਉਸ ਦੇ ਪਿਉ ਦੀ ਨਿਸ਼ਾਨੀ ਏ
**ਉਪਰੋਕਤ ਪੰਕਤੀਆਂ ਨੂੰ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :-**
(ੳ) ਨਾਂਵ ਲੱਭੋ ਅਤੇ ਕਿਸਮ ਵੀ ਲਿਖੋ । ੨
(ਅ) ਪੜਨਾਂਵ ਲੱਭੋ ਅਤੇ ਕਿਸਮ ਵੀ ਲਿਖੋ । ੧
(ੲ) ਵਿਸ਼ੇਸ਼ਣ ਲੱਭੋ ਅਤੇ ਕਿਸਮ ਵੀ ਲਿਖੋ । ੨
(ਸ) ਯੋਜਕ ਲੱਭੋ ਅਤੇ ਕਿਸਮ ਵੀ ਲਿਖੋ । ੧
(ਹ) ਸੰਬੰਧਕ ਲੱਭੋ ਅਤੇ ਕਿਸਮ ਵੀ ਲਿਖੋ । ੨

**(ਸ) ਸ਼ੁੱਧ ਕਰਕੇ ਲਿਖੋ :** ਦੁੱਦ, ਛੜਕ, ਕੈਹਰ, ਸਦਾਰਣ । **੨**

**(ਹ) ਵਾਕ ਵਟਾਂਦਰਾ :-**
(੧) ਤੁਹਾਡੇ ਪਿਤਾ ਕੀ ਨਾਂ ਹੈ ? **(ਸਾਧਾਰਨ ਵਾਕ ਬਣਾਓ)**
(੨) ਉਸ ਲਈ ਕੋਈ ਬਿਗਾਨਾ ਨਹੀਂ ।**(ਹਾਂ-ਵਾਚਕ ਵਾਕ ਬਣਾਓ)** **੨**

**(ਕ) ਵਿਰੋਧੀ ਸ਼ਬਦ ਬਣਾ ਕੇ ਵਾਕ ਵਿੱਚ ਵਰਤੋ :** ਉਹ ਬੜਾ ਮੂਰਖ ਅਤੇ ਉਜੱਡ ਹੈ । ੨

(ਖ) **ਕਾਰਕ ਸ਼ਬਦ ਲੱਭੋ ਤੇ ਕਿਸਮ ਲਿਖੋ** :ਭਗਵਾਨ ਵਰਧਮਾਨ ਮਹਾਂਵੀਰ ਨੇ ਹਾਥੀ ਨੂੰ ਸ਼ਾਤ ਕਰ ਦਿੱਤਾ । ੩

(ਗ) **ਬਹੁਅਰਥਕ ਸ਼ਬਦ ਬਣਾਓ** : ਚੱਕ, ਜਾਗ । (ਵਾਕਾਂ ਵਿੱਚ ਵਰਤ ਕੇ ਅਲੱਗ-ਅਲੱਗ ਅਰਥ ਦਰਸਾਉਣੇ ਹਨ )
੨

(ਘ) (੧)'ਬੇ' ਅਤੇ 'ਨਿਰ' ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ ।
। (੨) 'ਵੰਤ' ਅਤੇ 'ਮੰਦ' ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ । ੨

**pdfMachine - is a pdf writer that produces quality PDF files with ease!**
**Get yours now!**
"Thank you very much! I can use Acrobat Distiller or the Acrobat PDFWriter but I consider your product a lot easier to use and much preferable to Adobe's" A.Sarras - USA